15ਵੀਂ ਵਿਧਾਨ ਸਭਾ
ਚੌਥਾ ਸਮਾਗਮ

# ਪੰਜਾਬ ਵਿਧਾਨ ਸਭਾ

## ਕਾਰਜ-ਸੂਚੀ

**ਬੁੱਧਵਾਰ, 21 ਮਾਰਚ, 2018**
**10.00 ਵਜੇ ਸਵੇਰੇ**
**(ਸਵੇਰ ਦੀ ਬੈਠਕ)**

..................

I. ਪ੍ਰਸ਼ਨ

ਵੱਖ ਸੂਚੀ ਵਿਚ ਦਰਜ਼ ਪ੍ਰਸ਼ਨ ਪੁੱਛੇ ਜਾਣਗੇ ਅਤੇ ਉੱਤਰ ਦਿੱਤੇ ਜਾਣਗੇ।

II. ਮਾਨਯੋਗ ਸਪੀਕਰ /ਸੱਕਤਰ ਦੁਆਰਾ ਐਲਾਨ

III. ਧਿਆਨ ਦਿਵਾਊ ਨੋਟਿਸ

1. i) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ:
ii) ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ
iii) ਸ਼੍ਰੀ ਜੈ ਕ੍ਰਿਸ਼ਨ, ਐਮ.ਐਲ.ਏ

: ਮੁੱਖ ਮੰਤਰੀ ਦਾ ਧਿਆਨ ਅਵਾਰਾ ਜਾਨਵਰਾਂ ਕਾਰਨ ਰਾਜ ਵਿੱਚ ਵਾਪਰਦੀਆਂ ਸੜਕ ਦੁਰਘਟਨਾਵਾਂ ਵੱਲ ਦਿਵਾਉਣਗੇ।

(ਨੰ: 11)

2. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ: ਲੋਕ ਕਾਰਜ ( ਭਵਨ ਅਤੇ ਮਾਰਗ) ਮੰਤਰੀ ਦਾ ਧਿਆਨ ਕੰਪਨੀਆਂ ਦੁਆਰਾ ਸੜਕਾਂ ਉਪਰ ਅਰਥਾਤ ਦਸੂਹਾ ਤੋ ਹੁਸ਼ਿਆਰਪੁਰ, ਟਾਡਾ ਤੋਂ ਹੁਸ਼ਿਆਰਪੁਰ, ਹੁਸ਼ਿਆਰਪੁਰ ਤੋਂ ਬਲਾਚੌਰ ਅਤੇ ਜਲੰਧਰ ਤੋਂ ਟਾਂਡਾ ਵਿਖੇ ਆਪਣੇ ਸਥਾਪਤ ਕੀਤੇ ਗਏ ਟੋਲ ਪਲਾਜ਼ਿਆਂ ਦੁਆਰਾ ਅਣ-ਉਚਿਤ ਪ੍ਰਦਾਨ ਕੀਤੀਆ ਜਾਂਦੀਆ ਸੇਵਾਵਾਂ ਵੱਲ ਦਿਵਾਉਣਗੇ।

(ਨੰ: 12)

IV. ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ

i) ਮਾਨਯੋਗ ਸਪੀਕਰ — ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਗੇ।

ii) ਕਮੇਟੀ ਦੇ ਇਕ ਮੈਂਬਰ — ਪ੍ਰਸਤਾਵ ਕਰਨਗੇ ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

V. ਰਿਪੋਰਟਾਂ ਪੇਸ਼ ਕਰਨਾ

ਸਭਾਪਤੀ , ਵਿਸ਼ੇਸ਼ ਅਧਿਕਾਰ ਕਮੇਟੀ — ਵਿਸ਼ੇਸ਼ ਅਧਿਕਾਰ ਕਮੇਟੀ ਦੀਆਂ ਅੰਤਰਿਮ ਰਿਪੋਰਟਾਂ ਵਿਸ਼ੇਸ਼ ਅਧਿਕਾਰ ਦੇ ਉਠਾਏ ਗਏ ਮਾਮਲਿਆਂ ਸਬੰਧੀ ਪੇਸ਼ ਕਰਨਗੇ-

i) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਦੁਆਰਾ ਉਠਾਏ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲਿਆਂ ਸਬੰਧੀ ਵਿਸ਼ੇਸ਼ ਅਧਿਕਾਰ ਕਮੇਟੀ ਦੀ ਅੰਤਰਿਮ ਰਿਪੋਰਟ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ (ਹੁਣ ਵਿਰੋਧੀ ਧਿਰ ਦੇ ਨੇਤਾ) ਵਿਰੁੱਧ ਪੇਸ਼ ਕਰਨਗੇ।

-ਪਰਤੋ ਜੀ-

ii) ਸਰਦਾਰ ਕੁਲਬੀਰ ਸਿੰਘ ਜੀਰਾ, ਐਮ.ਐਲ.ਏ ਵਿਰੁੱਧ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ

iii) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵਿਰੁੱਧ ਸ਼੍ਰੀ ਪਵਨ ਕੁਮਾਰ ਟੀਨੂ ਐਮ.ਐਲ.ਏ; ਅਤੇ

iv) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵਿਰੁੱਧ ਸਰਦਾਰ ਸੁਖਬੀਰ ਸਿੰਘ ਬਾਦਲ, ਐਮ.ਐਲ.ਏ;

| | |
|---|---|
| 2. **ਸਭਾਪਤੀ , ਸਰਕਾਰੀ ਕਾਰੋਬਾਰ ਕਮੇਟੀ** | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਸਬੰਧੀ ਸਾਲ 2013-14 ਲਈ ਸਰਕਾਰੀ ਅਦਾਰਿਆਂ ਤੇ (ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਅਡੀਟਰ ਜਨਰਲ ਦੀ ਰਿਪੋਰਟ ਵਿਚ ਆਉਂਦੇ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 116 ਵੀਂ ਰਿਪੋਰਟ ਪੇਸ਼ ਕਰਨਗੇ । |

## VI <u>ਮੇਜ਼ ਤੇ ਰੱਖੇ ਗਏ ਕਾਗਜ਼-ਪੱਤਰ</u>

| | |
|---|---|
| 1. **ਇਕ ਮੰਤਰੀ** | ਪੰਜਾਬ ਵਸਤੂਆਂ ਅਤੇ ਸੇਵਾਵਾਂ ਨਿਯਮ, 2017 ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਟੈਕਸ ਐਕਟ, 2017 ਦੀ ਧਾਰਾ 166 ਅਧੀਨ ਲੋੜੀਂਦਾ ਹੈ। |
| 2. **ਇਕ ਮੰਤਰੀ** | ਸਾਲ 2014-15 ਲਈ ਪੰਜਾਬ ਪ੍ਰਦੂਸ਼ਣ ਕੰਟੋਰਲ ਬੋਰਡ ਦੀ ਸਲਾਨਾਂ ਰਿਪੋਰਟ ਅਤੇ ਲੇਖੇ ਜਿਵੇਂ ਕਿ ਵਾਟਰ (ਪ੍ਰਵੈਨਸ਼ਨ ਐਡ ਕੰਟਰੋਲ ਆਫ ਪਲਿਊਸ਼ਨ) ਐਕਟ 1974 ਦੀ ਧਾਰਾ 39 (2) ਅਧੀਨ ਲੋੜੀਂਦਾ ਹੈ। |
| 3. **ਇਕ ਮੰਤਰੀ** | ਸਾਲ 2016- 17 ਲਈ ਪੰਜਾਬ ਰਾਜ ਜੰਗਲਾਤ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 34ਵੀਂ ਸਲਾਨਾਂ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ। |
| 4. **ਇਕ ਮੰਤਰੀ** | ਸਾਲ 2015-16 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਲੇਖਿਆਂ ਦੇ ਸਲਾਨਾ ਵਿਵਰਣ ਅਤੇ ਆਡਿਟ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ ਜਿਵੇਂ ਕਿ ਬਿਜਲੀ ਐਕਟ 2003 ਦੀ ਧਾਰਾ 104 (4) ਅਧੀਨ ਲੋੜੀਂਦਾ ਹੈ। |
| 5. **ਇਕ ਮੰਤਰੀ** | ਸਾਲ 2013-14 ਅਤੇ 2014-15 ਲਈ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ ਲਿਮਟਿਡ ਦੀਆਂ 43ਵੀਂ ਅਤੇ 44ਵੀਂ ਦੀਆਂ ਸਲਾਨਾ ਰਿਪੋਰਟਾਂ ਸਦਨ ਦੀ ਮੇਜ਼ ਤੇ ਰੱਖਣਗੇ ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ। |

6. ਇਕ ਮੰਤਰੀ

ਸਾਲ 2015-16 ਲਈ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ (ਬੈਕਫਿਨਕੋ) ਦੀ ਸਲਾਨਾ ਰਿੱਪਰਟ ਸਦਨ ਦੀ ਮੇਜ਼ ਤੇ ਰੱਖਣਗੇ ਜਿਵੇਂ ਕਿ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਐਕਟ 1976 ਦੀ ਧਾਰਾ 27(6) ਅਧੀਨ ਲੋੜੀਂਦਾ ਹੈ।

7. ਇਕ ਮੰਤਰੀ

ਸਾਲ 2012-13 ਲਈ ਪੰਜਾਬ ਰਾਜ ਸੀਡਜ਼ ਨਿਗਮ ਲਿਮਟਿਡ ਦੀ 37ਵੀਂ ਸਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

8. ਇਕ ਮੰਤਰੀ

ਸਾਲ 2015-16 ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਣਗੇ ਜਿਵੇਂ ਕਿ ਵਾਟਰ (ਪ੍ਰਵੈਨਸ਼ਨ ਐਂਡ ਕੰਟਰੋਲ ਆਫ ਪਲਿਊਸ਼ਨ) ਐਕਟ 1974 ਦੀ ਧਾਰਾ 39 ਅਧੀਨ ਲੋੜੀਂਦਾ ਹੈ।

9. ਇਕ ਮੰਤਰੀ

ਸਾਲ 2014-15 ਲਈ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੀ ਸਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਣਗੇ ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

VII. <u>ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ</u>

i) ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ: ਰਾਜਪਾਲ ਦੇ ਭਾਸ਼ਣ ਤੇ ਨਿਮਨਲਿਖਤ ਪ੍ਰਸਤਾਵ ਪੇਸ਼ ਕਰਨਗੇ ਕਿ:-

"ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਹਨਾਂ ਨੇ 20 ਮਾਰਚ, 2018 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ।"

**ii)** ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ,ਐਮ.ਐਲ.ਏ: ਉਪਰੋਕਤ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਨਗੇ

ਚੰਡੀਗੜ੍ਹ
20 ਮਾਰਚ, 2018

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।

..............

Superintendent
Punjab Vidhan Sabha
Chandigarh